INDIA EXAM
JUNCTION

# PSSSB Assistant Chemist 2026

# Punjabi Qualify

IndiaExamJunction.com

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

# PSSSB Assistant Chemist 2026

## Part – A

1. ਹੇਠਾਂ ਦਿੱਤੇ ਅਖਾਣਾਂ ਵਿੱਚੋਂ ਕਿਹੜਾ ਸਹੀ ਹੈ?

(A) ਸ਼ਮਲਾ ਤੱਕ ਕੇ ਸੁੱਤੀ ਨਾ ਪੁੱਤੀ ਨਾ ਜੁੱਤੀ
(B) ਸ਼ਮਲਾ ਤੱਕ ਕੇ ਹੁੱਲੀ ਨਾ ਕੁੱਲੀ ਨਾ ਗੁੱਲੀ
(C) ਸ਼ਮਲਾ ਤੱਕ ਕੇ ਭੁੱਲੀ ਨਾ ਕੁੱਲੀ ਨਾ ਜੁੱਲੀ
(D) ਸ਼ਮਲਾ ਤੱਕ ਕੇ ਭੁੱਲੀ ਨਾ ਕੁੱਲੀ ਨਾ ਗੁੱਲੀ

2. ਦੁਬਿੰਦੀ ਵਿਰਾਮ ਚਿੰਨ੍ਹ (:) ਦੀ ਵਰਤੋਂ ਕਿੱਥੇ ਹੁੰਦੀ ਹੈ?

(A) ਲਿਖਤ ਵਿੱਚ ਜਿਸ ਥਾਂ ਕਾਮਾ ਲਾਉਣ ਤੋਂ ਵੱਧ ਅਤੇ ਪੂਰਨ ਵਿਰਾਮ-ਚਿੰਨ੍ਹ ਤੋਂ ਘੱਟ ਠਹਿਰਾਅ ਦੇਣ ਲਈ
(B) ਕਿਸੇ ਵਾਕ, ਉਪਵਾਕ ਦੀ ਵਿਆਖਿਆ-ਵੇਰਵੇ ਅਤੇ ਨਾਟਕੀ ਵਾਰਤਾਲਾਪ ਦੇ ਵਿਚਾਲੇ
(C) ਕਿਸੇ ਸ਼ਬਦ, ਵਾਕੰਸ਼ ਜਾਂ ਉਪਵਾਕ ਦੀ ਵਿਆਖਿਆ-ਵੇਰਵੇ ਤੋਂ ਪਹਿਲਾਂ
(D) ਕਿਸੇ ਵਾਕੰਸ਼ ਜਾਂ ਉਪਵਾਕ ਦੀ ਵਿਆਖਿਆ-ਵੇਰਵੇ ਅਤੇ ਨਾਟਕੀ ਸੰਵਾਦ ਤੋਂ ਪਿੱਛੋਂ

3. 'Admission' ਦਾ ਸ਼ੁੱਧ ਪੰਜਾਬੀ ਰੂਪ ਕਿਹੜਾ ਹੈ?

(A) ਐਡਮੀਸ਼ਨ
(B) ਅਡਮਿਸ਼ਨ
(C) ਐਡਮੀਸਨ
(D) ਐਡੀਮਿਸ਼ਨ

4. 'ਅਲੂਣੀ ਸਿਲ ਚੱਟਣਾ 'ਮੁਹਾਵਰਾ ਕਿਸ ਅਰਥ ਨੂੰ ਪ੍ਰਗਟ ਕਰਦਾ ਹੈ?

(A) ਖ਼ਤਰੇ ਵਾਲਾ ਕੰਮ ਕਰਨਾ
(B) ਆਜ਼ਾਦੀ ਲਈ ਲੜਨਾ
(C) ਔਖਾ ਕੰਮ ਕਰਨਾ
(D) ਮੁਸੀਬਤ ਝੱਲਣੀ

5. ਹੇਠ ਲਿਖੇ ਸ਼ਬਦਾਂ ਵਿੱਚਾ' ਸਿਆਹ 'ਸ਼ਬਦ ਦਾ ਸਮਾਨਾਰਥੀ ਸ਼ਬਦ ਕਿਹੜਾ ਹੈ?

(A) ਪਲੀਤ
(B) ਝੂਠਾ
(C) ਕੁਕਰਮੀ
(D) ਕਾਲਾ

6. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਵਿੱਚ' -ਪਾ 'ਪਿਛੇਤਰ ਨਹੀਂ ਹੈ ?

(A) ਕਿਰਪਾ
(B) ਰੰਡੇਪਾ
(C) ਬੁਢੇਪਾ
(D) ਜਣੇਪਾ

7. ਕਿਹੜਾ ਨਾਚ ਪੰਜਾਬ ਦਾ ਲੋਕ ਨਾਚ ਨਹੀਂ ਹੈ?

(A) ਗਿੱਧਾ
(B) ਡਾਂਡੀਆ
(C) ਭੰਗੜਾ
(D) ਕਿੱਕਲੀ

8. ਜਦੋਂ ਇਹ ਦੱਸਣਾ ਹੋਵੇ ਕਿ ਪ੍ਰਸੰਨ ਚਿੱਤ ਬੰਦੇ ਹਮੇਸ਼ਾਂ ਸੁਖੀ ਜੀਵਨ ਬਿਤਾਉਂਦੇ ਹਨ ਤਾਂ ਕਿਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ?

(A) ਜੋ ਹੱਸੇ ਸੋਈ ਰੱਖੇ
(B) ਹਸਾਏ ਤਾਂ ਚੰਗਾ ਰੁਆਏ ਤਾਂ ਮੰਦਾ
(C) ਹੱਸਦਿਆਂ ਦੇ ਘਰ ਦਾ
(D) ਹੱਸਦਿਆਂ ਦੇ ਘਰ ਵੱਸਦੇ

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

9. ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਕਿਸ ਸੰਨ ਵਿੱਚ ਲਈ ?

(A) 1799 ਈ. ਵਿੱਚ (B) 1792 ਈ. ਵਿੱਚ (C) 1797 ਈ. ਵਿੱਚ (D) 1796 ਈ. ਵਿੱਚ

10. ਨਿਮਨਲਿਖਿਤ ਵਾਕਾਂ ਵਿੱਚੋਂ ਸਹੀ ਵਿਸਰਾਮ ਚਿੰਨ੍ਹਾਂ ਵਾਲਾ ਵਾਕ ਕਿਹੜਾ ਹੈ?

(A) ਵਾਹ ਬਈ ਵਾਹ। ਕਮਾਲ ਈ ਕਰ ਦਿੱਤਾ; ਬਹਾਦਰ ਬੱਚੀ ਨੇ ਤਾਂ।

(B) ਵਾਹ ਬਈ ਵਾਹ! ਕਮਾਲ ਈ ਕਰ ਦਿੱਤਾ, ਬਹਾਦਰ ਬੱਚੀ ਨੇ ਤਾਂ।

(C) ਵਾਹ, ਬਈ ਵਾਹ! ਕਮਾਲ ਈ ਕਰ ਦਿੱਤਾ, ਬਹਾਦਰ ਬੱਚੀ ਨੇ ਤਾਂ।

(D) ਵਾਹ! ਬਈ ਵਾਹ! ਕਮਾਲ ਈ ਕਰ ਦਿੱਤਾ, ਬਹਾਦਰ ਬੱਚੀ ਨੇ ਤਾਂ।

11. ਪੰਜਾਬੀ ਭਾਸ਼ਾ ਕਿਸ ਭਾਸ਼ਾ ਪਰਿਵਾਰ ਨਾਲ ਸੰਬੰਧਿਤ ਹੈ?

(A) ਭਾਰਤ ਈਰਾਨੀ ਭਾਸ਼ਾ ਪਰਿਵਾਰ (B) ਦ੍ਰਾਵਿੜ ਭਾਸ਼ਾ ਪਰਿਵਾਰ

(C) ਭਾਰਤੀ ਆਰੀਆ ਭਾਸ਼ਾ ਪਰਿਵਾਰ (D) ਦਰਦ ਭਾਸ਼ਾ ਪਰਿਵਾਰ

12. ਆਦਿ ਗ੍ਰੰਥ ਵਿੱਚ ਗੁਰੂ ਅਰਜਨ ਦੇਵ ਜੀ ਦੇ ਕਿੰਨੇ ਸ਼ਬਦ ਸ਼ਾਮਲ ਹਨ ?

(A) 976 (B) 907 (C) 2218 (D) 2118

13. ਨਿਮਨਲਿਖਿਤ ਸ਼ਬਦਾਂ ਵਿੱਚੋਂ 'ਨਿਖੱਟੂ' ਦਾ ਵਿਰੋਧਾਰਥਕ ਸ਼ਬਦ ਕਿਹੜਾ ਹੈ?

(A) ਕਮਾਊ (B) ਲਾਇਕ (C) ਸਿਆਣਾ (D) ਯੋਗ

14.ਹੇਠ ਲਿਖਿਆਂ ਵਿੱਚੋਂ 49 ਅੰਕ ਦਾ ਸਹੀ ਪੰਜਾਬੀ ਰੂਪ ਕਿਹੜਾ ਹੈ?

(A) ਉਨੰਜਾ (B) ਅਨੰਜਾ (C) ਉਨੱਜਾ (D) ਉਣੰਜਾ

15.ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਵਿ-' ਅਗੇਤਰ ਨਾਲ ਨਹੀਂ ਬਣਿਆ?

(A) ਵਿਗਿਆਨ (B) ਵਿਕ੍ਰਿਤ (C) ਵਿੱਦਿਆ (D) ਵਿਸ਼ੇਸ਼

16. ਗੁਰੂ ਨਾਨਕ ਦੇਵ ਜੀ ਨੇ ਆਪਣੀ ਅੰਤਲੀ ਉਦਾਸੀ ਕਦੋਂ ਸੰਪੂਰਨ ਕੀਤੀ ?

(A) 1522 ਈ. ਵਿੱਚ (B) 1539 ਈ. ਵਿੱਚ (C) 1521 ਈ. ਵਿੱਚ (D) 1520 ਈ. ਵਿੱਚ

17. 'ਉਹ ਹਰ-ਰੋਜ਼ ਗੁਰਦੁਆਰੇ ਜਾਂਦਾ ਹੈ।' ਵਾਕ ਵਿੱਚ ਕਿਸ ਕਿਸਮ ਦੇ ਕਿਰਿਆ ਵਿਸ਼ੇਸ਼ਣ ਦੀ ਵਰਤੋਂ ਹੋਈ ਹੈ ?

(A) ਸਥਾਨ ਵਾਚਕ (B) ਪਰਿਮਾਣ-ਵਾਚਕ (C) ਵਿਧੀ ਵਾਚਕ (D) ਕਾਲ ਵਾਚਕ

18. 'ਸਾਡਾ ਪ੍ਰਧਾਨ ਮੰਤਰੀ ਬੜਾ ਸਿਆਣਾ ਹੈ। 'ਵਾਕ ਦੀ ਲਿੰਗ ਬਦਲੀ ਉਪਰੰਤ ਬਣਨ ਵਾਲੇ ਸਹੀ ਵਾਕ ਦੀ ਪਛਾਣ ਕਰੋ।

(A) ਸਾਡੀਆਂ ਪ੍ਰਧਾਨ ਮੰਤਰੀ ਬੜੀਆਂ ਸਿਆਈਆਂ ਹਨ। (B) ਸਾਡੀ ਪ੍ਰਧਾਨ ਮੰਤਰੀ ਸਾਹਿਬਾ ਬੜੀ ਸਿਆਣੀ ਹੈ।

(C) ਸਾਡੀ ਪ੍ਰਧਾਨ ਮੰਤਰੀ ਬੜੀ ਸਿਆਣੀ ਹੈ। (D) ਸਾਡੇ ਪ੍ਰਧਾਨ ਮੰਤਰੀ ਸਾਹਿਬਾ ਬੜੇ ਸਿਆਣੇ ਹਨ।

19. ਪੰਜਾਬੀ ਭਾਸ਼ਾ ਦਾ ਪ੍ਰਮੁੱਖ ਭਾਸ਼ਾਈ ਪਛਾਣ-ਚਿੰਨ੍ਹ ਕਿਹੜਾ ਹੈ?

(A) ਸੁਰ (B) ਸਰਲਤਾ (C) ਮਰਦਾਊਪੁਣਾ (D) ਨਾਸਿਕਤਾ

20. ਹੇਠ ਲਿਖਿਆਂ ਵਿਚੋਂ ਅਵਿਕਾਰੀ ਸੰਬੰਧਕਾਂ ਦੀ ਪਛਾਣ ਕਰੋ?

(A) ਕੋਲ਼, ਨਾਲ, ਵਿੱਚ, ਦਾ (B) ਹੇਠਾਂ, ਉੱਪਰ, ਪਾਸ, ਦੂਰ

(C) ਰਾਹੀਂ, ਵਾਸਤੇ, ਲਈ, ਤੋਂ (D) ਸਾਹਮਣੇ, ਨੇੜੇ, ਵਿਚਕਾਰ, ਵੱਲ

21. ਨਿਮਨਲਿਖਿਤ ਵਾਕਾਂ ਵਿੱਚੋਂ ਸਹੀ ਸ਼ਬਦ-ਜੋੜਾਂ ਵਾਲ਼ੇ ਵਾਕ ਨੂੰ ਚੁਣੋ।

(A) ਗੁਰੂ ਜੀ ਨੇ ਸਾਡੇ ਵੇਹੜੇ ਅਪਨੀ ਚਰਨ ਪਾ ਕੇ ਸਾਡੇ ਉਤੇ ਮੇਹਰ ਕੀਤੀ।

(B) ਗੁਰੂ ਜੀ ਨੇ ਸਾਡੇ ਵੇਹੜੇ ਅਪਨੇ ਚਰਨ ਪਾ ਕੇ, ਸਾਡੇ ਉਤੇ ਮਿਹਰ ਕੀਤੀ।

(B) ਗੁਰੂ ਜੀ ਨੇ ਸਾਡੇ ਵੇਹੜੇ ਅਪਨੇ ਚਰਨ ਪਾ ਕੇ ਸਾਡੇ ਉਤੇ ਮਿਹਰ ਕੀਤੀ।

(D) ਗੁਰੂ ਜੀ ਨੇ ਸਾਡੇ ਵਿਹੜੇ ਆਪਣੇ ਚਰਨ ਪਾ ਕੇ, ਸਾਡੇ ਉੱਤੇ ਮਿਹਰ ਕੀਤੀ।

22. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸ ਸ਼ਬਦ ਦਾ ਬਹੁਵਚਨ ਰੂਪ ਆਂ-ਅੰਤਕ ਹੁੰਦਾ ਹੈ?

(A) ਵਿਸ਼ੇਸ਼ਤਾ (B) ਸਹੁੰ (C) ਦਿਸ਼ਾ (D) ਮਾਂ

23. ਹੇਠ ਲਿਖੇ ਅੰਕਾਂ ਵਿਚੋਂ ਕਿਹੜੇ ਅੰਕ ਦਾ ਸ਼ੁੱਧ ਪੰਜਾਬੀ ਰੂਪ ਨਹੀਂ ਹੈ?

(A) ਉਨਾਸੀ (B) ਉਨੰਨਵੇਂ (C) ਉਣਾਨਵੇਂ (D) ਉਣਾਹਟ

24. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸ ਸ਼ਬਦ ਦੇ ਸ਼ਬਦ-ਜੋੜ ਸਹੀ ਹਨ?

(A) ਜਾਣਨਾ (B) ਮੋਹਰਾ (C) ਪੜਨਾ (D) ਸ਼ੈਹਰ

25. ਹੇਠ ਲਿਖਿਆਂ ਵਿੱਚੋਂ ਕਿਹੜਾ ਮੁਹਾਵਰਾ ਸਹੀ ਹੈ?

(A) ਪੱਲਾ ਰੱਖਣਾ (B) ਪੱਲਾ ਝਾੜਨਾ (C) ਪੱਲੇ ਪੈਣਾ (D) ਪੱਲਾ ਸਾਂਭਣਾ

26. ਅੰਗਰੇਜ਼ੀ ਸ਼ਬਦ 'office' ਦਾ ਸ਼ੁੱਧ ਪੰਜਾਬੀ ਰੂਪ ਕਿਹੜਾ ਹੈ?

(A) ਐਫਸ (B) ਆਫ਼ਿਸ (C) ਐਫਿਸ (D) ਆਫ਼ਸ

27. 'ਇੱਕ ਕਮਲੀ ਦੂਜੀ ਪੈ ਗਈ ਸਿਵਿਆਂ ਦੇ ਰਾਹ' ਮੁਹਾਵਰੇ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?

(A) ਜਦੋਂ ਕਿਸੇ ਮੂਰਖ ਦੀ ਮੂਰਖਤਾ ਨੂੰ ਸਿੱਧ ਕਰਨਾ ਹੋਵੇ (B) ਜਦੋਂ ਕਿਸੇ ਸਿਆਣੇ ਦੀ ਸਿਆਣਪ ਨੂੰ ਘਟਾ ਕੇ ਦੱਸਣਾ ਹੋਵੇ

(C) ਜਦੋਂ ਕਿਸੇ ਮੂਰਖ ਦੀ ਮੂਰਖਤਾ ਨੂੰ ਵਧਾ ਕੇ ਦੱਸਣਾ ਹੋਵੇ (D) ਜਦੋਂ ਕਿਸੇ ਮੂਰਖ ਦੀ ਮੂਰਖਤਾ ਨੂੰ ਘਟਾ ਕੇ ਦੱਸਣਾ ਹੋਵੇ

28. ਨਿਮਨਲਿਖਿਤ ਸ਼ਬਦ-ਜੁੱਟਾਂ ਵਿੱਚੋਂ ਕਿਹੜਾ ਸ਼ਬਦ-ਜੁੱਟ ਵਿਰੋਧਾਰਥਕ ਸ਼ਬਦਾਂ ਦੀ ਮਿਸਾਲ ਪੇਸ਼ ਨਹੀਂ ਕਰਦਾ?

(A) ਉੱਦਮ-ਆਲਸ (B) ਦਮਨ-ਦਬਾਅ (C) ਮੈਲਾ-ਉਜਲਾ (D) ਮੰਡਨ-ਖੰਡਨ

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

29. ਹੇਠ ਲਿਖੇ ਦਿਨਾਂ ਦੇ ਨਾਂਵਾਂ ਵਿੱਚੋਂ ਕਿਹੜਾ ਨਾਂਵ ਸ਼ੁੱਧ ਪੰਜਾਬੀ ਹੈ?

(A) ਗੁਰੂਵਾਰ (B) ਬ੍ਰਿਹਿਸਪਤੀਵਾਰ (C) ਵੀਰਵਾਰ (D) ਬੀਰਵਾਰ

30. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਮਲਵਈ ਉਪਭਾਸ਼ਾ ਨਾਲ ਸੰਬੰਧ ਰਖਦਾ ਹੈ?

(A) ਕੂਣਾ (B) ਕਰਸਾਂ (C) ਬਗ ਗਿਆ (D) ਬੱਸੇ ਚੜ੍ਹਿਆ

31. 'ਮੂੰਹ ਵਿੱਚ ...................' ਮੁਹਾਵਰੇ ਨੂੰ ਪੂਰਾ ਕਰੋ।

(A) ਅੰਗੂਠਾ ਪਾ ਲੈਣਾ (B) ਪਾ ਲੈਣਾ (C) ਰੋੜਾ ਪਾ ਲੈਣਾ (D) ਉਂਗਲੀ ਪਾ ਲੈਣਾ

32. ਕਿਹੜਾ ਵਾਕ ਵਿਆਕਰਨਿਕ ਪੱਖੋਂ ਸ਼ੁੱਧ ਹੈ?

(A) ਘੁੱਗੀਆਂ, ਗਟਾਰਾਂ ਅਤੇ ਚਿੜੀਆਂ ਚੋਗਾ ਚੁਗਦੇ ਹਨ। (B) ਘੁੱਗੀਆਂ, ਗਟਾਰਾਂ ਅਤੇ ਚਿੜੀਆਂ ਚੋਗੇ ਚੁਗਦੇ ਹਨ।

(C) ਘੁੱਗੀਆਂ, ਗਟਾਰਾਂ ਅਤੇ ਚਿੜੀਆਂ ਚੋਗਾ ਚੁਗਦੀਆਂ ਹਨ। (D) ਘੁੱਗੀਆਂ, ਗਟਾਰਾਂ ਅਤੇ ਚਿੜੀਆਂ ਚੋਗਾ ਚੁਗਦੀਆਂ ਨੇ ।

33. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸ ਸ਼ਬਦ ਦੀ ਰਚਨਾ '-ਆਈ' ਪਿਛੇਤਰ ਨਾਲ ਨਹੀਂ ਹੋਈ ਹੈ?

(A) ਕਮਾਈ (B) ਚਿਣਾਈ (C) ਸੁਣਾਈ (D) ਭਲਾਈ

34. 'ਜਿਸ' ਦਾ ਸਹੀ ਬਹੁਵਚਨੀ ਰੂਪ ਦੱਸੋ?

(A)ਜਿੰਨਾ (B) ਜਿਨ੍ਹਾਂ (C) ਜਿਹੜੇ (D) ਜੀਹਨੇ

35. ਪੰਜਾਬੀ ਭਾਸ਼ਾ ਦਾ ਆਪਣਾ ਪੁਰਾਤਨ ਮੌਲਿਕ ਵਿਰਾਮ ਚਿੰਨ੍ਹ ਕਿਹੜਾ ਹੈ?

(A) (?) (B) (||) (C) (|) (D) (!)

36. 'ਜਿਸ ਬੰਦੇ ਦਾ ਭਰੋਸਾ ਨਾ ਰਹੇ, ਉਸ ਬੰਦੇ ਨਾਲ ਕੋਈ ਵੀ ਸਾਂਝ ਨਹੀਂ ਰਖਦਾ। 'ਵਾਕ ਵਿੱਚ ਕਿੰਨੇ ਸ਼ਬਦ ਵਿਸ਼ੇਸ਼ਣ ਵਜੋਂ ਆਏ ਹਨ?

(A) 3 (B) 2 (C) 1 (D) ਕੋਈ ਨਹੀਂ

37. ਹੇਠ ਲਿਖਿਆਂ ਵਿੱਚੋਂ ਕਿਹੜਾ ਪੁਲਿੰਗ-ਇਸਤਰੀ ਲਿੰਗ ਸ਼ਬਦ-ਜੋੜਾ ਸਹੀ ਨਹੀਂ ਹੈ?

(A) ਸਾਲਾ-ਸਾਲੇਹਾਰ (B) ਸਾਲੀ-ਸਾਢੂ (C) ਪਤਿਅਹੁਰਾ-ਪਤੀਹ (D) ਨਨਿਆਹੁਰਾ-ਨਣਦ

38. 'ਭਾਵੇਂ ਉਹ ਸਾਰਾ ਦਿਨ ਖੇਡਦਾ ਰਹਿੰਦਾ ਹੈ ਪਰ ਫਿਰ ਵੀ ਪਾਸ ਹੋ ਜਾਂਦਾ ਹੈ' ਵਾਕ ਵਿੱਚ ਕਿਸ ਭਾਂਤ ਦੇ ਯੋਜਕਾਂ ਦੀ ਵਰਤੋਂ ਹੋਈ ਹੈ?

(A) ਸਹਿ-ਸੰਬੰਧਕੀ (B) ਇਕਹਿਰੇ (C) ਸੰਯੁਕਤ (D) ਸਮਾਨ

IndiaExamJunction.com
INDIA EXAM JUNCTION
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

39. ਘੱਗਰੀ ਪਿੜ ਦਾ ਸੰਬੰਧ ਕਿਸ ਨਾਲ ਹੈ ?

(A) ਪੰਜਾਬ ਦੀਆਂ ਨਕਲਾਂ ਨਾਲ
(B) ਪੰਜਾਬ ਦੀਆਂ ਖੇਡਾਂ ਨਾਲ
(C) ਪੰਜਾਬ ਦੇ ਲੋਕ ਨਾਚਾਂ ਨਾਲ
(D) ਪੰਜਾਬ ਦੇ ਲੋਕ ਕਿੱਤਿਆਂ ਨਾਲ

40. ਗੁਰੂ ਰਾਮ ਦਾਸ ਜੀ ਨੇ ਕਿਸ ਪ੍ਰਥਾ ਦਾ ਆਰੰਭ ਕੀਤਾ ?

(A) ਮਸੰਦ ਪ੍ਰਥਾ
(B) ਮੰਜੀ ਪ੍ਰਥਾ
(C) ਪੰਗਤ ਪ੍ਰਥਾ
(D) ਸੰਗਤ ਪ੍ਰਥਾ

41.ਹੇਠ ਲਿਖੇ ਵਾਕਾਂ ਵਿੱਚੋਂ ਅੰਕ, ਮਹੀਨੇ ਅਤੇ ਦਿਨਾਂ ਦੇ ਸ਼ੁੱਧ ਪੰਜਾਬੀ ਰੂਪਾਂ ਵਾਲ਼ੇ ਵਾਕ ਪਛਾਣੋ।

(A) ਸਿਕੰਦਰ ਸਿਤੰਬਰ ਵਿੱਚ ਹਰ ਜੁਮੇਰਾਤ ਨੂੰ ਨੌਂ ਵਜੇ ਦੌੜਦਾ ਸੀ।
(B) ਸੁਖਵੰਤ ਦਾ ਵਿਆਹ ਠਾਰਾਂ ਦਸੰਬਰ ਦਿਨ ਗੁਰੂਵਾਰ ਨੂੰ ਹੋਇਆ ਸੀ।
(C) ਹਰਦੀਪ ਨੇ ਨਵੰਬਰ ਦੇ ਆਖਰੀ ਰਵੀਵਾਰ ਨੂੰ ਦਸ ਵੱਜ ਕੇ ਉਨੱਤੀ ਮਿੰਟ ਉੱਤੇ ਜਹਾਜ਼ ਫੜਿਆ ਸੀ।
(D) ਸਤਵੰਤ ਦਾ ਵਿਆਹ ਉਣੱਤੀ ਸਤੰਬਰ ਦਿਨ ਸਨਿੱਚਰਵਾਰ ਨੂੰ ਹੋਇਆ ਸੀ।

42. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਤਮ੍ਹਾ' ਦਾ ਸਮਾਨਾਰਥੀ ਨਹੀਂ ਹੈ?

(A) ਭੁੱਖ
(B) ਇੱਛਾ
(C) ਲਾਲਸਾ
(D) ਤ੍ਰਿਸ਼ਨਾ

43. 'ਸਾਂਝੀ ਦੇਵੀ' ਦਾ ਸੰਬੰਧ ਕਿਸ ਧਰਮ ਨਾਲ ਹੈ?

(A) ਸਿੱਖ ਧਰਮ ਨਾਲ
(B) ਬੁੱਧ ਧਰਮ ਨਾਲ
(C) ਜੈਨ ਧਰਮ ਨਾਲ
(D) ਲੋਕ ਧਰਮ ਨਾਲ

44. 'ਅਧਿਆਪਕ ਮੁਨੀਟਰ ਤੋਂ ਜਮਾਤ ਨੂੰ ਪਾਠ ਪੜ੍ਹਵਾ ਰਿਹਾ ਹੈ। 'ਵਾਕ ਵਿੱਚ ਕਿਹੜੀ ਕਿਰਿਆ ਵਰਤੀ ਗਈ ਹੈ?

(A) ਪ੍ਰੇਰਣਾਰਥਕ
(B) ਦੂਹਰੀ ਪ੍ਰੇਰਣਾਰਥਕ
(C) ਇਕਹਿਰੀ ਪ੍ਰੇਰਣਾਰਥਕ
(D) ਦੂਹਰੀ ਅਕਰਮਕ

45. ਹੇਠ ਲਿਖੇ ਵਾਕਾਂ ਵਿਚੋਂ ਕਿਹੜਾ ਵਾਕ ਵਿਆਕਰਨਿਕ ਪੱਖ ਤੋਂ ਸ਼ੁੱਧ ਹੈ?

(A) ਉਸ ਦੇ ਵਿਆਹ ਤੇ ਮਾਮਾ-ਮਾਮੀ 'ਤੇ ਨਾਨਾ ਆਈਆਂ।
(B) ਉਸ ਦੇ ਵਿਆਹ 'ਤੇ ਮਾਮਾ, ਮਾਮੀ ਤੇ ਨਾਨਾ ਆਏ।
(C) ਉਸਦੇ ਵਿਆਹ ਤੇ ਮਾਮਾ, ਮਾਮੀ, ਨਾਨਾ ਆਏ।
(D) ਉਸਦੇ ਵਿਆਹ ਤੇ ਮਾਮਾ, ਮਾਮੀ 'ਤੇ ਨਾਨਾ ਆਏ।

46. 'ਪਰਿ-' ਅਗੇਤਰ ਕਿਸ ਭਾਵ ਨੂੰ ਪ੍ਰਗਟ ਕਰਦਾ ਹੈ?

(A) ਪਰਾਏ ਨੂੰ
(B) ਆਲੇ-ਦੁਆਲੇ ਨੂੰ
(C) ਪਰਦੇਸ ਨੂੰ
(D) ਬਿਗਾਨੇ ਨੂੰ

47. 'ਪੱਗ ਵੇਚ ਕੇ __ਨਹੀਂ ਖਾਈਦਾ' ਅਖਾਣ ਵਿਚਲੀ ਖਾਲੀ ਥਾਂ ਨੂੰ ਪੂਰਾ ਕਰੋ।

(A) ਮੱਖਣ
(B) ਘਿਉ
(C) ਦਹੀਂ
(D) ਰੋਟੀ

INDIA EXAM JUNCTION

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

48. ਛੁੱਟ-ਮਰੋੜੀ ਚਿੰਨ੍ਹ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?

(A) ਜਦੋਂ ਕਿਸੇ ਸ਼ਬਦ ਦਾ ਕੋਈ ਅੱਖਰ ਛੱਡ ਕੇ ਲਿਖਣਾ ਹੋਵੇ (B) ਵਿਦੇਸ਼ੀ ਸ਼ਬਦਾਂ ਦੀ ਠੀਕ ਧੁਨੀ ਦਰਸਾਉਣ ਲਈ

(C) ਕਾਵਿ ਸਤਰਾਂ ਵਿਚ ਛੰਦ ਦੀ ਗਿਣਤੀ ਬਚਾਉਣ ਲਈ (D) ਲਿਖਤ ਵਿੱਚ ਦੁਹਰਾਓ ਤੋਂ ਬਚਣ ਲਈ

49. ਕਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਨਹੀਂ ਹੈ ?

(A) ਵਾਰ ਸ੍ਰੀ ਭਗਉਤੀ ਜੀ ਕੀ (B) ਚੰਡੀ ਦੀ ਵਾਰ

(C) ਜਪੁ ਸਾਹਿਬ (D) ਗਿਆਨ ਨਾਮ ਮਾਲਾ

50.ਬਾਬਾ ਬੰਦਾ ਸਿੰਘ ਬਹਾਦਰ ਦਾ ਕਤਲ ਕਿਸ ਸੰਨ ਵਿੱਚ ਹੋਇਆ ?

(A) 1716 ਵਿੱਚ (B) 1715 ਵਿੱਚ (C) 1705 ਵਿੱਚ (D) 1713 ਵਿੱਚ

INDIA EXAM JUNCTION

## Punjab Previous Year Online MCQs

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

[Punjab State GK Online MCQs – Click Here]

[Computer Online MCQs – Click Here]

[General Knowledge Online MCQs – Click Here]

[Reasoning Online MCQs – Click Here]

[English Online MCQs – Click Here]

[Mathematics Online MCQs – Click Here]

[ਪੰਜਾਬੀ Qualify Test Online MCQs – Click Here]

[ਪੰਜਾਬੀ Basic Online MCQs – Click Here]

[PPSC PYQs Online MCQs – Click Here]

[UPSC PYQs Online MCQs – Click Here]